# ਤੁਹਾਡੀ 'ਜਾਣ ਲਈ ਤਿਆਰ ਹੋ ਜਾਓ' ਕਿੱਟ

ਨਿਕਾਸੀ (EVACUATIONS) ਦੇ ਲਈ ਕਿੱਟ ਕਿਸ ਤਰੀਕੇ ਨਾਲ ਤਿਆਰ ਕਰਨੀ ਹੈ

ਹੌਕਸਬਰੀ-ਨਿਪੀਯਨ ਵਾਦੀ ਵਿੱਚ ਆਏ ਹੜ੍ਹਾਂ ਦੀ ਡੂੰਘਾਈ ਅਤੇ ਖਤਰੇ ਦੇ ਕਾਰਣ, ਜਦੋਂ ਇੱਕ ਨਿਕਾਸੀ ਦਾ ਆਰਡਰ (Evacuation Order) ਜਾਰੀ ਕੀਤਾ ਜਾਵੇਗਾ, ਤਾਂ ਹੋ ਸਕਦਾ ਕਿ ਤੁਹਾਡੇ ਕੋਲ ਨਿਕਲਣ ਦੇ ਲਈ ਸਿਰਫ਼ ਕੁਛ ਕੁ ਘੰਟੇ ਹੀ ਹੋਣ।

## ਤੁਹਾਨੂੰ ਪੋਟਲੀ (ਕਿੱਟ) ਕਿਓਂ ਚਾਹੀਦੀ ਹੈ

- ਹੌਕਸਬਰੀ-ਨਿਪੀਯਨ ਵਾਦੀ ਵਿੱਚ ਆਇਆ ਇੱਕ ਬਹੁਤ ਵੱਡਾ ਹੜ੍ਹ ਲੋਕਾਂ ਦੇ ਘਰਾਂ ਨੂੰ ਨੁਕਸਾਨ ਪਹੁੰਚਾਵੇਗਾ। ਇਹ ਜ਼ਰੂਰੀ ਸੇਵਾਵਾਂ ਜਿਵੇਂ ਕਿ ਪਾਣੀ, ਬਿਜਲੀ, ਗੈਸ, ਸੜਕਾਂ ਅਤੇ ਰੇਲ-ਗੱਡੀਆਂ ਦੀਆਂ ਲਾਈਨਾਂ ਉੱਤੇ ਵੀ ਵੱਡੀ ਰੁਕਾਵਟਾਂ ਖੜੀਆਂ ਕਰੇਗਾ।
- ਜਦ ਤੱਕ ਤੁਹਾਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਹੜ੍ਹ ਤੁਹਾਡੀ ਸੰਪੱਤੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਤਾਂ ਉਹ ਵੇਲਾ ਬਹੁਤ ਹੀ ਘੱਟ ਹੋ ਸਕਦਾ ਹੈ ਜਿਸ ਤੋਂ ਪਹਿਲਾਂ ਤੁਹਾਨੂੰ ਉੱਥੋਂ ਨਿਕਲਣਾ ਪੈਣਾ ਹੈ। ਹੜ੍ਹਾਂ (ਜਾਂ ਕਿਸੇ ਵੀ ਕੁਦਰਤੀ ਖਤਰੇ) ਦੇ ਲਈ ਤਿਆਰ ਹੋਣ ਦਾ ਇੱਕ ਬਹੁਤ ਮਹੱਤਵਪੂਰਨ ਕਦਮ ਹੁੰਦਾ ਹੈ ਇੱਕ 'ਜਾਣ ਲਈ ਤਿਆਰ ਹੋ ਜਾਓ' ਕਿੱਟ ਤਿਆਰ ਕਰ ਲੈਣਾ।
- ਇਸ ਕਿੱਟ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਉਹ ਸਭ ਜੋ ਤੁਹਾਨੂੰ ਨਿਕਾਸੀ (evacuation) ਦੇ ਦੌਰਾਨ ਅਤੇ ਫੌਰਨ ਬਾਅਦ ਚਾਹੀਦਾ ਹੋਵੇਗਾ, ਭਾਵੇਂ ਤੁਸੀਂ ਕਿਤੇ ਆਪਣੇ ਪਰਿਵਾਰ ਅਤੇ ਦੋਸਤਾਂ-ਸਹੇਲੀਆਂ ਕੋਲ ਜਾਂ ਕਿਸੇ ਨਿਕਾਸੀ ਕੇਂਦਰ (evacuation centre) ਵਿੱਚ ਹੀ ਜਾ ਰਹੇ ਹੋਵੋ।

## ਹੁਣ ਕੀ ਕਰਨਾ ਹੈ

- ਆਪਣੇ ਸਭ ਤੋਂ ਮਹੱਤਵਪੂਰਨ ਰਿਕਾਰਡ ਅਤੇ ਦਸਤਾਵੇਜਾਂ ਨੂੰ (ਬੀਮਾ, ਸ਼ਨਾਖਤੀ ਦਸਤਾਵੇਜ਼, ਪਾਸਪੋਰਟ ਵਗੈਰਾ) ਭਾਵੇਂ ਸਕੈਨ ਕਰ ਲਓ, ਫੋਟੋ ਲੈ ਲਓ ਜਾਂ ਕਲਾਉਡ ਉੱਤੇ ਅਪਲੋਡ ਕਰ ਲਓ
- ਸਭ ਤੋਂ ਜ਼ਰੂਰੀ ਸੰਪਰਕ ਜਾਣਕਾਰੀ (ਜਿਵੇਂ ਕਿ ਡਾਕਟਰ, ਬਿਜਲੀ ਗੈਸ ਸੇਵਾਵਾਂ ਵਗੈਰਾ) ਨੂੰ ਆਪਣੇ ਮੋਬਾਈਲ ਫ਼ੋਨ ਵਿੱਚ ਪਾ ਲਵੋ
- ਆਪਣੀਆਂ ਦਵਾਈਆਂ ਦੀਆਂ ਪਰਚੀਆਂ ਦੀ ਫੋਟੋ ਲੈ ਲਵੋ ਜਾਂ ਸਕੈਨ ਕਰ ਲਵੋ
- ਆਪਣੇ ਘਰ ਦੀ ਅਤੇ ਘਰ ਦੇ ਸਮਾਨ ਦੀ ਬੀਮਾ ਪਾਲਸੀ ਦੇ ਕਵਰ ਦੀ ਜਾਂਚ ਕਰ ਲਵੋ

## ਆਪਣੀ ਕਿੱਟ ਵਿੱਚ ਤੁਸੀਂ ਕਿਹੜੀਆਂ ਚੀਜ਼ਾਂ ਪਹਿਲਾਂ ਤੋਂ ਹੀ ਰੱਖ ਸਕਦੇ ਹੋ

- ਪੋਰਟੇਬਲ (ਬੈਟਰੀ ਤੇ ਚੱਲਣ ਵਾਲਾ) ਰੇਡੀਓ ਅਤੇ ਵਾਧੂ ਬੈਟਰੀਆਂ
- ਟਾਰਚ ਦੇ ਨਾਲ ਵਾਧੂ ਬੈਟਰੀਆਂ
- ਮੁੱਢਲੀ ਚਿਕਿਤਸਾ ਦੀ ਕਿੱਟ (ਤੁਹਾਡੇ ਘਰ ਮੁਤਾਬਕ ਮਹੱਤਵਪੂਰਨ ਚੀਜ਼ਾਂ ਸਮੇਤ)
- ਮੋਮਬੱਤੀਆਂ ਅਤੇ ਵਾਟਰਪ੍ਰੂਫ (ਜਲ-ਰੋਧਕ) ਮਾਚਸਾਂ
- ਨਿੱਜੀ ਸਾਫ ਸਫਾਈ ਰੱਖਣ ਦੀਆਂ ਚੀਜ਼ਾਂ
- ਕੀਮਤੀ ਚੀਜ਼ਾਂ ਜਿਵੇਂ ਕਿ ਮਹੱਤਵਪੂਰਨ ਦਸਤਾਵੇਜ਼ (ਜਿਵੇਂ ਕਿ ਪਾਸਪੋਰਟ ਜਾਂ ਬੀਮੇ ਦੇ) ਅਤੇ ਕੀਮਤੀ ਚੀਜ਼ਾਂ (ਫੋਟੋਆਂ, ਗਹਿਣੇ ਵਗੈਰਾ) ਰੱਖਣ ਦੇ ਲਈ ਜਲ-ਰੋਧਕ ਬੈਗ

## ਨਿਕਲਣ ਦੇ ਵੇਲੇ 'ਜਾਣ ਲਈ ਤਿਆਰ ਹੋ ਜਾਓ' ਕਿੱਟ ਵਿੱਚ ਕੀ ਸ਼ਾਮਲ ਕਰਨਾ ਹੈ

- ਕੁਝ ਖਿਡੌਣੇ ਜਾਂ ਪਰਿਵਰਕ ਖੇਡਾਂ
- ਲੋੜ ਪੈਣ ਵਾਲੀਆਂ ਦਵਾਈਆਂ ਦੀ ਅੱਛੀ-ਖਾਸੀ ਮਾਤਰਾ
- ਲੋੜ ਮੁਤਾਬਕ ਕੋਈ ਵੀ ਹੋਰ ਚੀਜਾਂ ਅਤੇ ਨਵੇਂ ਜੰਮੇ ਬੱਚਿਆਂ, ਅਪਾਹਜ ਲੋਕਾਂ, ਕਮਜ਼ੋਰ ਅਤੇ/ਜਾਂ ਬਜ਼ੁਰਗ ਲੋਕਾਂ ਦੇ ਲਈ ਲੋੜਮੰਦ ਸਮੱਗਰੀ
- ਤਾਜ਼ਾ ਭੋਜਨ ਅਤੇ ਪੀਣ ਦਾ ਪਾਣੀ
- ਵੱਖਰੇ ਬਦਲਦੇ ਹਾਲਾਤਾਂ ਮੁਤਾਬਕ ਘਰ ਦੇ ਸਾਰੇ ਮੈਂਬਰਾਂ ਲਈ ਉਚਿਤ ਕੱਪੜੇ-ਲੀੜੇ ਅਤੇ ਪੈਰਾਂ 'ਚ ਪਾਉਣ ਲਈ ਜੁੱਤੀਆਂ
- ਮੋਬਾਈਲ ਫ਼ੋਨ ਅਤੇ ਚਾਰਜਰ



## ਪਾਲਤੂ ਅਤੇ ਦੂਸਰੇ ਜਾਨਵਰਾਂ ਦੇ ਲਈ ਤੁਹਾਨੂੰ ਇੱਕ ਵੱਖਰੀ ਕਿੱਟ ਚਾਹੀਦੀ ਹੈ

ਬੰਨ੍ਹਣ ਲਈ ਕੋਈ ਨਕੇਲ ਅਤੇ ਆਵਾਜਾਈ ਦਾ ਸਾਧਨ, ਖਾਣਾ, ਪਾਣੀ, ਮਲ-ਮੂਤਰ ਲਈ ਇੰਤਜ਼ਾਮ, ਦਵਾਈਆਂ, ਮੁੱਢਲੀ ਚਿਕਿਤਸਾ, ਰਹਿਣ-ਸੌਣ ਦੇ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖੋ:

- ਹਰ ਇੱਕ ਜਾਨਵਰ ਦੇ ਲਈ ਪਿੰਜਰਾ ਜਾਂ ਪਸ਼ੂਆਂ ਨੂੰ ਲਿਜਾਉਣ ਵਾਲਾ ਜੰਤਰ (pet carriers)
- ਹਰ ਇੱਕ ਜਾਨਵਰ ਦੇ ਲਈ ਮੂੰਹ ਬੰਨਣ ਦਾ ਜੰਤਰ (muzzle) ਅਤੇ ਨਕੇਲ ਜਾਂ ਰੱਸੀ ਅਤੇ ਸਿਰ ਤੇ ਪਾਉਣ ਵਾਲਾ ਕੌਲਰ
- ਹਰ ਇੱਕ ਜਾਨਵਰ ਦੇ ਲਈ 3-7 ਦਿਨਾਂ ਦਾ ਖਾਣਾ ਅਤੇ ਪਾਣੀ
- ਕੋਈ ਪਤੀਲਾ ਜਾ ਖਾਣਾ ਪਾਉਣ ਦੀ ਟੋਕਰੀ (feed bucket); ਕੈਨ-ਓਪਨਰ ਅਤੇ ਚਮਚਾ
- ਉੱਨ ਦਾ ਕੰਬਲ, ਤੌਲੀਏ ਜਾਂ ਸੌਣ ਲਈ ਬਿਸਤਰੇ ਦਾ ਪ੍ਰਬੰਧ
- ਜਾਨਵਰਾਂ ਦੀਆਂ ਦਵਾਈਆਂ ਅਤੇ ਮੁੱਢਲੀ ਚਿਕਿਤਸਾ ਦੀਆਂ ਚੀਜ਼ਾਂ
- ਆਪਣੇ ਪਾਲਤੂ ਜਾਨਵਰ ਦੇ ਟੀਕਕਰਨ ਪ੍ਰਮਾਣ-ਪੱਤਰ ਦੀ ਤਸਵੀਰ ਖਿੱਚ ਲਵੋ
- ਬਿੱਲੀਆਂ ਲਈ ਲਿੱਟਰ ਅਤੇ ਲਿੱਟਰ ਦੀ ਟ੍ਰੇ
- ਕੁੱਤਿਆਂ ਦੇ ਲਈ ਟੱਟੀ ਚੁੱਕਣ ਦੇ ਬੈਗ (poo bag)
- ਪਾਲਤੂ ਜਾਨਵਰਾਂ ਦੇ ਖਡੌਣੇ

## ਆਪਣੀ ਕਿੱਟ ਨੂੰ ਕਾਇਮ ਰੱਖਣਾ ਅਤੇ ਇਸ ਨੂੰ ਸਟੋਰ ਕਰਨਾ

ਤੁਹਾਡੀ ਕਿੱਟ ਨੂੰ ਕਿਸੇ ਜਲ-ਰੋਧਕ ਡੱਬੇ ਵਿੱਚ ਕਿਸੇ ਅਜਿਹੇ ਸਥਾਨ ਤੇ ਰੱਖਿਆ ਜਾਣਾ ਚਾਹੀਦਾ ਹੈ ਜੋ ਸੁਰੱਖਿਅਤ ਹੋਵੇ ਅਤੇ ਜਿਸ ਤੱਕ ਅਸਾਨੀ ਨਾਲ ਪਹੁੰਚਿਆ ਜਾ ਸਕੇ।

ਬਾਕਾਇਦਾ, ਆਪਣੀ 'ਜਾਣ ਲਈ ਤਿਆਰ ਹੋ ਜਾਓ' ਕਿੱਟ ਨੂੰ ਜਾਂਚਦੇ ਰਹੋ (ਬੈਟਰੀਆਂ ਅਤੇ ਦਵਾਈਆਂ ਦੀ ਵਰਤਣ ਦੀ ਅਖੀਰਲੀ ਮਿਤੀ ਦੀ ਜਾਂਚ ਯਾਦ ਨਾਲ ਕਰ ਲਵੋ) ਅਤੇ ਜੇ ਲੋੜ ਹੋਵੇ ਤਾਂ ਉਨ੍ਹਾਂ ਨੂੰ ਨਵੇਂ ਸਿਰੋਂ ਲੈ ਆਓ।

ਅਤੇ, ਅਪਾਤਕਾਲ ਨੰਬਰਾਂ ਦੀ ਸੂਚੀ ਨੂੰ ਆਪਣੇ ਫ਼ੋਨ ਦੇ ਨੇੜੇ ਜਾਂ ਫਰਿੱਜ ਤੇ ਰੱਖੋ।